**ਦਫਤਰ ਉਪ ਮੰਡਲ ਮੈਜਿਸਟਰੇਟ ਬੁਢਲਾਡਾ**

**ਪੇਸ਼ੀ ਬਰਾਂਚ**

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ(ਸੈਕੰਡਰੀ),
ਮਾਨਸਾ।

ਪੱਤਰ ਨੰ:101...../ਪੇਸ਼ੀ
ਮਿਤੀ.19/05/2020

ਵਿਸ਼ਾ: ਪੋਇਨਾ ਪਾਵਰ ਥਰਮਲ ਪਲਾਂਟ ਪਿੰਡ ਗੋਬਿੰਦਪੁਰਾ ਲਈ ਅਧਿਗ੍ਰਹਿਣ ਕੀਤੀ ਗਈ ਜਮੀਨ ਦੇ ਇਵਜ਼ ਵਿੱਚ ਨੌਕਰੀ ਤੇ ਤਾਇਨਾਤ ਕੀਤੇ ਕਰਮਚਾਰੀਆਂ ਪਾਸੋਂ ਬਕਾਇਆ ਰਾਸ਼ੀ ਵਸੂਲ ਕਰਵਾਉਣ ਬਾਰੇ।

ਉਪਰੋਕਤ ਵਿਸ਼ਾ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ਾ ਅਧੀਨ ਥਰਮਲ ਪਲਾਂਟ ਲਈ ਜਮੀਨ ਅਧਿਗ੍ਰਹਿਣ ਦੇ ਇਵਜ਼ ਵਿੱਚ ਜਮੀਨ ਮਾਲਕਾਂ ਨੂੰ ਜਮੀਨ ਦੇ ਮੁਆਵਜ਼ੇ ਦੀ ਅਦਾਇਗੀ ਕਰਨ ਦੇ ਨਾਲ-ਨਾਲ ਸਬੰਧਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਗਈ ਸੀ। ਜਮੀਨ ਮਾਲਕਾਂ ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਸਮੇਂ ਸਹਿਬਨ ਗਲਤੀ ਨਾਲ ਬਣਦੀ ਰਕਮ ਨਾਲੋਂ ਜਿਆਦਾ ਰਕਮ ਅਦਾ ਕਰ ਦਿੱਤੀ ਗਈ। ਸਬੰਧਤ ਜਮੀਨ ਮਾਲਕਾਂ ਨੂੰ ਇਹ ਵਾਧੂ ਕੀਤੀ ਗਈ ਅਦਾਇਗੀ ਨੂੰ ਵਾਪਸ ਕਰਨ ਲਈ ਪਹਿਲਾਂ ਵੀ ਨੋਟਿਸ ਦਿੱਤੇ ਗਏ ਪ੍ਰੰਤੂ ਉਹ ਰਕਮ ਵਾਪਸੀ ਵਿੱਚ ਆਨਾ-ਕਾਨੀ ਕਰ ਰਹੇ ਹਨ। ਇਨ੍ਹਾਂ ਨੂੰ ਕੀਤੀ ਗਈ ਵਾਧੂ ਅਦਾਇਗੀ ਕਾਰਨ ਬਾਕੀ ਰਹਿੰਦੇ ਜਮੀਨ ਮਾਲਕਾਂ ਨੂੰ ਜਾਰੀ ਕੀਤੀ ਜਾਣ ਵਾਲੀ ਮੁਆਵਜ਼ਾ ਰਾਸ਼ੀ ਪ੍ਰਭਾਵਤ ਹੋ ਰਹੀ ਹੈ ਜਿਸ ਕਰਕੇ ਇਹ ਰਕਮ ਵਸੂਲ ਕਰਨੀ ਜਰੂਰੀ ਹੈ।

ਵਾਧੂ ਤਕਸੀਮ ਕੀਤੀ ਗਈ ਰਕਮ ਨਾਲ ਸਬੰਧਤ ਜਮੀਨ ਮਾਲਕ ਰਣਜੀਤ ਸਿੰਘ ਪੁੱਤਰ ਕਰਮ ਸਿੰਘ ਦੀ ਪਤਨੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਸ ਵਿਖੇ ਐਸ.ਐਲ.ਏ. ਦੀ ਨੌਕਰੀ ਕਰ ਰਹੀ ਹੈ। ਇਸ ਕਰਮਚਾਰਨ ਦੇ ਪਤੀ ਵੱਲ 1,74,594/-ਰੁ: ਦੀ ਰਕਮ ਬਾਕੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਕਰਮਚਾਰਨ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ 28.5.2020 ਨੂੰ ਸੁਭਾ 11.00 ਵਜੇ ਇਸ ਦਫਤਰ ਵਿਖੇ ਹਾਜ਼ਰ ਆ ਕੇ ਸਬੰਧਤ ਰਕਮ ਦਾਖਲ ਕਰਵਾਵੇ।

ਉਪ ਮੰਡਲ ਮੈਜਿਸਟਰੇਟ,
ਬੁਢਲਾਡਾ।

ਪਿੱਠ ਅੰਕਣ ਨੰ:............./ਪੇਸ਼ੀ

ਮਿਤੀ................/20

ਉਤਾਰਾ ਡਿਪਟੀ ਕਮਿਸ਼ਨਰ, ਮਾਨਸਾ ਜੀ ਪਾਸ ਸੂਚਨਾਂ ਅਤੇ ਅਗਲੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ।

ਉਪ ਮੰਡਲ ਮੈਜਿਸਟਰੇਟ,
ਬੁਢਲਾਡਾ।

Scanned with CamScanner